VOLUME I ISSUE 12
DECEMBER 2017

GKU TIMES

## PROUD MOMENTS FOR GURU KASHI UNIVERSITY



December 20: Mr Harisharan Aggarwal, Head of Department of Electronics and Communication at GKU was felicitated with “YOUNG SCIENTIST (Management)” Award 2017 by Institute of Technical and Scientific Research (ITSR ) Foundation at Jaipur. The award is based on the research carried out by Mr. Harisharan scientific learning methodology to enhance the study level. This approach will motivate the students to join the Engineering courses and to meet the demands of technocrats. During the award ceremony Prof Rattan Lal Gadara, Vice Chancellor of Northern Gujarat University and Dr. R.K Mangal, Director of ITSR were present. The Chairman, Mr. Gurlabh Singh Sidhu and Managing Director Mr. Sukhraj Singh Sidhu, lauded the efforts of Mr. Harisharan Aggarwal. The GKU Vice Chancellor Col. Dr. B.S. Dhaliwal and Dr. Jagtar Singh Dhiman appreciated the efforts of Mr Harisharan and congratulated him for their efforts for achieving this award.

## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਅੱਠਵੀਂ ਭਾਰਤੀ ਵਿਦਿਆਰਥੀ ਪਾਰਲੀਮੈਂਟ ਸਬੰਧੀ ਪ੍ਰੈਸ ਕਾਨਫਰੰਸ।







**ਦਸੰਬਰ** 23: ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਵਿਖੇ ਅੱਠਵੀ ਭਾਰਤੀ ਵਿਦਿਆਰਥੀ ਪਾਰਲੀਮੈਟ ਦੇ ਸਬੰਧ ਵਿੱਚ ਪ੍ਰੈਸ ਮਿਲਨੀ ਹੋਈ ।ਇਸ ਮਿਲਨੀ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਯੁਵਕ ਸੇਵਾਵਾਂ ਵਿਭਾਗ ਬਠਿੰਡਾ ਦੇ ਬੁਲਾਰਿਆਂ ਨੇ ਪ੍ਰੈਸ ਨੂੰ ਸੰਬੋਧਨ ਕੀਤਾ ।ਗੁਰੂ ਕਾਸ਼ੀ ਯੂਨੀਵਰਸਿਟੀ ਤੋਂ ਉਪਕੁਲਪਤੀ ਕਰਨਲ ਡਾ.ਭੁਪਿੰਦਰ ਸਿੰਘ ਧਾਲੀਵਾਲ, ਡਾ. ਬਲਵੰਤ ਸਿੰਘ ਸੰਧੂ, ਗੁਰਦੇਵ ਸਿੰਘ ਕੋਟਫੱਤਾ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਕੁਲਵਿੰਦਰ ਸਿੰਘ (ਡਿਪਟੀ ਡਾਇਰੈਕਟਰ),ਵਿਦਿਆਰਥੀ ਸੰਸਦ ਦੇ ਪੰਜਾਬ ਪ੍ਰਤੀਨਿਧੀ ਸਿਮਰਦੀਪ ਸਿੰਘ ਸਿਆਲ ਅਤੇ ਅਮਗਰੇਜ ਸਿੰਘ ਨੇ ਇਸ ਯੂਥ ਪਾਰਲੀਮੈਂਟ ਸਬੰਧੀ ਵਿਚਾਰ ਰੱਖੇ

GKU TIMES

ਅਤੇ ਦੱਸਿਆ ਕਿ ਇਹ ਮਹਾਂ ਵਿਦਿਆਰਥੀ ਕੁੰਭ 19,20 ਅਤੇ 21 ਜਨਵਰੀ ਨੂੰ ਐਸ ਆਈ ਟੀ ਵਰਲਡ ਪੀਸ ਯੂਨੀਵਰਸਿਟੀ, ਪੂਨੇ (ਮਹਾਂਰਾਸ਼ਟਰਾ) ਵਿੱਚ ਹੋਣ ਜਾ ਰਿਹਾ ਹੈ।ਅਤੇ ਇਸ ਵਿੱਚ ਦੇਸ਼ ਅਤੇ ਵਿਦੇਸ਼ਾਂ ਤੋਂ ਅੰਦਾਜਨ 10,000 ਵਿਦਿਆਰਥੀ ਭਾਗ ਲੈਣ ਜਾ ਰਹੇ ਹਨ।

ਇਸ ਤੋਂ ਬਿਨ੍ਹਾਂ ਬੁਲਾਰਿਆਂ ਨੇ ਦੱਸਿਆ ਕਿ ਤਿੰਨ ਰੋਜਾ ਇਸ ਵਿਦਿਆਰਥੀ ਪਾਰਲੀਮੈਂਟ ਵਿੱਚ ਦੇਸ਼ ਅਤੇ ਵਿਦੇਸ਼ਾਂ ਦੀਆਂ ਸਰਵਪੱਖੀ ਅਤੇ ਲੋਕ ਪ੍ਰੀਯ ਹਸਤੀਆਂ ਵਿਦਿਆਰਥੀਆਂ ਦੇ ਨਾਲ ਰੂ-ਬਰੂ ਹੋਣਗੀਆਂ ।ਪ੍ਰੈਸ ਮਿਲਣੀ ਵਿੱਚ ਇਸ ਸਾਰੇ ਪ੍ਰੋਗਰਾਮ ਨਾਲ ਸਬੰਧਤ ਇੱਕ ਪੋਸਟਰ ਵੀ ਲਾਂਚ ਕੀਤਾ ਗਿਆ।ਜਿਕਰ-ਏ ਖਾਸ ਹੈ ਕਿ ਇਸ ਮਿਲਣੀ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਇਸ ਪਾਰਲੀਮੈਂਟ ਪ੍ਰਤੀ ਪ੍ਰੋਤਸਾਹਤ ਕਰਨਾ ਹੈ। ਬੁਲਾਰਿਆਂ ਮੁਤਾਬਕ ਇਨ੍ਹਾਂ ਸਲਾਨਾਂ ਪਾਰਲੀਮੈਂਟ ਆਯੋਜਨ ਸਦਕਾ ਚਾਹਵਾਨ ਵਿਦਿਆਰਥੀ ਭਵਿੱਖ ਵਿੱਚ ਆਪਣੇ ਰੁਝਾਣ ਮੁਤਾਬਕ ਰਾਜਨੀਤੀ ਨਾਲ ਜੁੜ ਸਕਦੇ ਹਨ ਅਤੇ ਇਹ (ਪਾਰਲੀਮੈਂਟ ਆਯੋਜਨ) ਭਾਰਤੀ ਰਾਜਨੀਤੀ ਨੂੰ ਹੋਰ ਨਵੇਂ ਚੇਹਰੇ ਪ੍ਰਦਾਨ ਕਰੇਗਾ।ਗੁਰੂ ਕਾਸ਼ੀ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਧਾਲੀਵਾਲ ਨੇ ਸਮੁੱਚੀ ਪ੍ਰੈਸ, ਯੁਵਕ ਸਵਾਵਾਂ ਵਿਭਾਗ ਬਠਿੰਡਾ ਅਤੇ ਹਰ ਸਬੰਧਤ ਦਾ ਇਸ ਸਫਲ ਪ੍ਰੈਸ ਮਿਲਨੀ ਸਬੰਧੀ ਧੰਨਵਾਦ ਕੀਤਾ ।ਸਮੁੱਚੇ ਪ੍ਰੋਗਰਾਮ ਵਿੱਚ ਸੁੱਖਦਵਿੰਦਰ ਸਿੰਘ ਕੌੜਾ ਅਤੇ ਸੁਧੀਰ ਬਿਸ਼ਨੋਈ ਦਾ ਸ਼ਲਾਘਾਯੋਗ ਯੋਗਦਾਨ ਰਿਹਾ।

**Editorial Team:**

**Editor-in-Chief: Dr. Jagtar Singh Dhiman, Registrar, Guru Kashi University**

**Editor: Dr. Shyamkiran Kaur, Assistant Professor, Department of English (UCBS&H), Guru Kashi University**